# ਮਾਪਿਆਂ ਨੂੰ ਪਤਾ ਹੋਣਾ ਚਾਹੀਦਾ ਹੈ:
## ਤੁਹਾਡਾ ਬੱਚਾ ਬਿਹਤਰ ਦਾ ਹੱਕਦਾਰ ਹੈ

### ਅਧਿਆਪਕਾਂ ਦਾ ਕੀ ਵਿਸ਼ਵਾਸ ਹੈ

- ਫਾਊਂਡੇਸ਼ਨ ਸਕਿੱਲਜ਼ ਅਸੈਸਮੈਂਟ (ਐੱਫ ਐੱਸ ਏ) ਵਿਦਿਆਰਥੀਆਂ, ਉਨ੍ਹਾਂ ਦੇ ਪਰਿਵਾਰਾਂ, ਜਾਂ ਅਧਿਆਪਕਾਂ ਲਈ ਲਾਭਦਾਇਕ ਨਹੀਂ ਹੈ।
- ਅਧਿਆਪਕ ਵਿਦਿਆਰਥੀ ਦੀ ਤਰੱਕੀ ਦਾ ਪ੍ਰਭਾਵਸ਼ਾਲੀ ਢੰਗ ਨਾਲ ਮੁਲਾਂਕਣ ਕਰਨ ਅਤੇ ਹਰ ਵਿਦਿਆਰਥੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕਈ ਤਰ੍ਹਾਂ ਦੇ ਰਸਮੀ ਅਤੇ ਗੈਰ-ਰਸਮੀ ਤਰੀਕਿਆਂ ਦੀ ਵਰਤੋਂ ਕਰਦੇ ਹਨ।
- ਕਲਾਸ-ਰੂਮ ਵਿੱਚ ਅਧਿਆਪਕਾਂ ਦੁਆਰਾ ਲਗਾਤਾਰ ਮੁਲਾਂਕਣ ਕਰਦੇ ਰਹਿਣਾ, ਉਹਨਾਂ ਨੂੰ ਪਾਠਾਂ ਦੀ ਯੋਜਨਾ ਬਣਾਉਣ ਅਤੇ ਉਹਨਾਂ ਨੂੰ ਲੋੜ ਅਨੁਸਾਰ ਢਾਲਣ ਵਿੱਚ ਮਦਦ ਕਰਦਾ ਹੈ ਅਤੇ ਵਿਦਿਆਰਥੀਆਂ ਨੂੰ ਇਹ ਦਿਖਾਉਣ ਦਿੰਦਾ ਹੈ ਕਿ ਉਹ ਕਈ ਵੱਖ-ਵੱਖ ਤਰੀਕਿਆਂ ਨਾਲ ਕੀ ਸਿੱਖ ਰਹੇ ਹਨ।
- ਐੱਫ ਐੱਸ ਏ, ਬੀ ਸੀ ਦੇ ਸਕੂਲ ਸਿਸਟਮ ਦੀ ਵਿਦਿਆਰਥੀਆਂ ਦੀਆਂ ਸਿੱਖਣ ਦੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਮਦਦ ਨਹੀਂ ਕਰਦਾ ਹੈ।
- ਐੱਫ ਐੱਸ ਏ ਹਰ ਬੱਚੇ ਦੀ ਤਰੱਕੀ ਨੂੰ ਮਾਪਣ ਦਾ ਇੱਕ ਭਰੋਸੇਯੋਗ ਤਰੀਕਾ ਨਹੀਂ ਹੈ ਅਤੇ ਇਸ ਨੂੰ ਇਸ ਉਦੇਸ਼ ਲਈ ਤਿਆਰ ਨਹੀਂ ਕੀਤਾ ਗਿਆ ਸੀ।
- ਸੂਬਾਈ ਪੱਧਰ ਦੇ ਮੁਲਾਂਕਣ ਦੇ ਬਿਹਤਰ ਮਾਡਲ ਸੰਭਵ ਹਨ, ਜਿਨ੍ਹਾਂ ਵਿੱਚ ਵਿਦਿਆਰਥੀਆਂ ਦੇ ਡਾਟਾ ਦੀ ਨੈਤਿਕ ਵਰਤੋਂ ਨੂੰ ਯਕੀਨੀ ਬਣਾਉਣ ਲਈ ਸੁਰੱਖਿਆ ਹੋਵੇ।

### ਖੋਜ ਕੀ ਕਹਿੰਦੀ ਹੈ

- ਵਿਦਿਆਰਥੀਆਂ ਨੂੰ ਸਿੱਖਿਆ ਲਈ ਸਭ ਤੋਂ ਵਧੀਆ ਸਹਾਇਤਾ ਕਲਾਸ-ਰੂਮ ਵਿੱਚ ਪ੍ਰਭਾਵਸ਼ਾਲੀ ਮੁਲਾਂਕਣ ਨਾਲ ਮਿਲਦੀ ਹੈ। ਵਿਆਪਕ-ਖੇਤਰ 'ਚ, ਵੱਡੇ ਪੱਧਰ 'ਤੇ ਟੈਸਟ ਲੈਣਾ ਅਸਲ ਵਿੱਚ ਅਰਥਪੂਰਨ ਸਿੱਖਿਆ ਲਈ ਰੁਕਾਵਟ ਹੋ ਸਕਦਾ ਹੈ।
- ਵਿਦਿਆਰਥੀ ਕਿਸੇ ਵਿਸ਼ੇ ਦੇ ਖੇਤਰ ਵਿੱਚ ਡੂੰਘਾ ਅਤੇ ਮਿੱਥ ਕੇ ਸਿੱਖਣ ਦੀ ਬਜਾਏ ਥੋੜ੍ਹੇ ਸਮੇਂ ਦੇ ਟੀਚਿਆਂ 'ਤੇ ਧਿਆਨ ਕੇਂਦਰਿਤ ਕਰਦੇ ਹਨ: "ਟੈਸਟ ਵਿੱਚ ਕੀ ਆਵੇਗਾ?"
- ਵਿਦਿਆਰਥੀ ਕਿਸੇ ਵਿਸ਼ੇ ਦੇ ਖੇਤਰ ਵਿੱਚ ਲਗਾਤਾਰ ਸਿੱਖਦੇ ਰਹਿਣ ਦੀ ਬਜਾਏ ਇਹ ਫੈਸਲਾ ਕਰ ਸਕਦੇ ਹਨ ਕਿ ਉਹ ਕਾਮਯਾਬ ਹੋਣ ਦੇ ਯੋਗ ਨਹੀਂ ਹਨ ਅਤੇ ਹਾਰ ਮੰਨ ਸਕਦੇ ਹਨ।
- ਅਧਿਆਪਕ ਵਿਦਿਆਰਥੀਆਂ ਨੂੰ ਵਿਸ਼ੇ ਦੇ ਖੇਤਰ ਜਾਂ ਹੁਨਰ ਦੀ ਅਸਲ ਸਮਝ ਵਿਕਸਤ ਕਰਨ ਵਿੱਚ ਸਹਾਇਤਾ ਕਰਨ ਦੀ ਬਜਾਏ "ਟੈਸਟ ਲਈ ਸਿਖਾਉਣ" ਵਿੱਚ ਵਧੇਰੇ ਸਮਾਂ ਬਿਤਾ ਸਕਦੇ ਹਨ।

### ਤੁਸੀਂ ਕੀ ਕਰ ਸਕਦੇ ਹੋ

- ਮਨਿਸਟਰੀ ਆਫ ਐਜੂਕੇਸ਼ਨ ਐਂਡ ਚਾਈਲਡ ਕੇਅਰ ਦੀਆਂ ਛੋਟਾਂ ਸਬੰਧੀ ਸੇਧਾਂ ਅਨੁਸਾਰ, ਮਾਪੇ ਸਕੂਲ ਦੇ ਪ੍ਰਿੰਸੀਪਲਾਂ ਨੂੰ ਆਪਣੇ ਬੱਚਿਆਂ ਨੂੰ ਐੱਫ ਐੱਸ ਏ ਟੈਸਟਾਂ ਤੋਂ ਪਾਸੇ ਰੱਖਣ ਲਈ ਕਹਿ ਸਕਦੇ ਹਨ। *bctf.ca/fsa* 'ਤੇ ਪਾਸੇ ਰੱਖਣ ਦਾ ਪੱਤਰ (ਵਿਦਡਰਾਅਲ ਲੈਟਰ) ਅਤੇ ਫਾਰਮ ਉਪਲਬਧ ਹੈ।
- ਸਿੱਖਿਆ ਵਿੱਚ ਸਹਾਇਤਾ ਕਰਨ ਲਈ ਮੁਲਾਂਕਣ ਕਰਨ ਦੇ ਜਿਨ੍ਹਾਂ ਤਰੀਕਿਆਂ ਦੀ ਅਧਿਆਪਕ ਵਰਤੋਂ ਕਰਦੇ ਹਨ, ਉਹਨਾਂ ਬਾਰੇ ਉਹਨਾਂ ਨਾਲ ਗੱਲ ਕਰੋ।
- ਐੱਫ ਐੱਸ ਏ ਦੇ ਟੈਸਟਾਂ ਦੇ ਪ੍ਰਭਾਵਾਂ ਬਾਰੇ ਗੱਲਬਾਤ ਵਿੱਚ ਹੋਰ ਮਾਪਿਆਂ ਨਾਲ ਸ਼ਾਮਲ ਹੋਵੋ।


iStock

*ਕਈ ਵਾਰ, ਸਭ ਤੋਂ ਹੁਸ਼ਿਆਰ ਅਤੇ ਬੁੱਧੀਮਾਨ ਦਿਮਾਗ ਰਵਾਇਤੀ ਟੈਸਟਾਂ ਵਿੱਚ ਨਹੀਂ ਚਮਕਦੇ ਕਿਉਂਕਿ ਉਨ੍ਹਾਂ ਕੋਲ ਰਵਾਇਤੀ ਦਿਮਾਗ ਨਹੀਂ ਹੁੰਦਾ।*

—ਡੀਆਨ ਰੈਵਿਚ, ਸਿੱਖਿਆ ਇਤਿਹਾਸਕਾਰ ਅਤੇ ਸਿੱਖਿਆ ਨੀਤੀ ਵਿਸ਼ਲੇਸ਼ਕ

BCTF Kids Matter Teachers Care

[Punjabi]